English to Punjabi

**Annex B**

## Model letter to parents – letter 1

*[Date]*

ਪਿਆਰੇ ਪੇਰੈਂਟ
ਵਿਦਿਆਰਥੀ ਦੇ ਜਾਤੀ ਪਿਛੋਕੜ ਬਾਰੇ ਜਾਣਕਾਰੀ ਇਕੱਤਰ ਕਰਕੇ ਰਿਕਾਰਡ ਕਰਨੀ

ਅਸੀਂ ਤੁਹਾਨੂੰ ਐਥਨਿਕ ਮਨੀਟਰਿੰਗ ਬਾਰੇ ਇਕ ਕਿਤਾਬਚਾ ਅਤੇ ਤੁਹਾਡੇ ਬੱਚੇ, , *[child's name]*, ਦੇ ਜਾਤੀ ਪਿਛੋਕੜ ਬਾਰੇ ਭਰਨ ਵਾਸਤੇ ਇਕ ਛੋਟਾ ਫ਼ਾਰਮ ਭੇਜ ਰਹੇ ਹਾਂ, ਕਿਉਂਕਿ ਸਾਰੇ ਸਕੂਲਾਂ ਵਾਸਤੇ the Department for Education and Skills (DfES) ਵਲੋਂ ਦਿੱਤੀ ਹਿਦਾਇਤ ਅਨੁਸਾਰ ਅਜਿਹਾ ਕਰਨਾ ਜ਼ਰੂਰੀ ਹੈ। ਕ੍ਰਿਪਾ ਕਰਕੇ ਕਿਤਾਬਚੇ ਨੂੰ ਅਤੇ "ਜਾਤੀ ਪਿਛੋਕੜ" ਦੇ ਵੇਰਵੇ ਨੂੰ ਪੜ੍ਹ ਕੇ ਫ਼ਾਰਮ ਦੇ ਢੁਕਵੇਂ ਖਾਨੇ ਤੇ ਟਿੱਕ ਦਾ ਨਿਸ਼ਾਨ ਲਗਾਓ। ਕ੍ਰਿਪਾ ਕਰਕੇ ਇਸ ਫ਼ਾਰਮ ਨੂੰ ਨਾਲ ਭੇਜੇ ਗਏ ਲਿਫਾਫੇ ਵਿਚ ਪਾ ਕੇ ਮੈਨੂੰ ਭੇਜ ਦਿਓ, ਜਾਂ ਇਸਨੂੰ ਸਕੂਲ ਭੇਜ ਕੇ ਜਾਂ ਲਿਆ ਕੇ ਦਫ਼ਤਰ ਵਿਚ ਦੇ ਦਿਓ (ਜਾਂ ਜੇਕਰ ਇਹ ਤੁਹਾਨੂੰ ਈਮੇਲ ਰਾਹੀਂ ਭੇਜਿਆ ਗਿਆ ਹੈ ਤਾਂ ਈਮੇਲ ਰਾਹੀਂ ਵਾਪਸ ਭੇਜ ਦਿਓ)। The Information Commissioner (ਪਹਿਲਾ ਨਾਮ Data Protection Registrar) ਨੇ ਕਿਹਾ ਹੈ ਕਿ 11-15 ਸਾਲ ਦੀ ਉਮਰ ਦੇ ਵਿਦਿਆਰਥੀ ਆਪਣੀ ਜਾਤੀ ਪਛਾਣ ਬਾਰੇ ਆਪ ਫੈਸਲਾ ਕਰਨ ਦੇ ਯੋਗ ਹਨ। DfES ਦੀ ਤਜਵੀਜ਼ ਹੈ ਕਿ ਇਹ ਫੈਸਲਾ ਮਾਪੇ ਜਾਂ ਗਾਰਡੀਅਨ ਦੀ ਜਾਣਕਾਰੀ ਅਤੇ ਸਹਾਇਤਾ ਨਾਲ ਕੀਤਾ ਜਾਣਾ ਚਾਹੀਦਾ ਹੈ। 16 ਸਾਲ ਅਤੇ ਇਸਤੋਂ ਵੱਧ ਉਮਰ ਦੇ ਬੱਚਿਆਂ ਲਈ ਸਿਫਾਰਿਸ਼ ਕੀਤੀ ਗਈ ਹੈ ਕਿ ਉਹ ਫੈਸਲਾ ਆਪਣੇ ਆਪ ਕਰਨ।

ਤੁਸੀਂ ਜਿਹੜੀ ਵੀ ਜਾਣਕਾਰੀ ਦਿੰਦੇ ਹੋ ਉਸਦੀ ਵਰਤੋਂ ਕੇਵਲ ਭਿੰਨ ਭਿੰਨ ਜਾਤੀ ਪਿਛੋਕੜ ਵਾਲੇ ਵਿਦਿਆਰਥੀਆਂ ਦੇ ਸਕੂਲ ਕੈਰੀਅਰਜ਼ ਅਤੇ ਤਜਰਬਿਆਂ ਬਾਰੇ ਅੰਕੜੇ ਰੱਖਣ ਲਈ ਕੀਤੀ ਜਾਵੇਗੀ, ਤਾਂਕਿ ਸਾਨੂੰ ਇਹ ਗੱਲ ਨਿਸਚੇ ਕਰਨ ਵਿਚ ਸਹਾਇਤਾ ਮਿਲੇ ਕਿ ਸਾਰੇ ਵਿਦਿਆਰਥੀਆਂ ਨੂੰ ਆਪਣੀਆਂ ਸੰਭਾਵਨਾਵਾਂ ਦੀ ਪੂਰਤੀ ਕਰਨ ਦਾ ਮੌਕਾ ਮਿਲਿਆ ਹੈ। ਇਨ੍ਹਾਂ ਅੰਕੜਿਆਂ ਤੋਂ ਕਿਸੇ ਇਕ ਵਿਦਿਆਰਥੀ ਦੀ ਜਨਤਕ ਤੌਰ ਤੇ ਪਛਾਣ ਨਹੀਂ ਹੋ ਸਕੇਗੀ ਅਤੇ ਇਹ ਜਾਣਕਾਰੀ ਕਿਸੇ ਹੋਰ ਮੰਤਵ ਲਈ ਨਹੀਂ ਵਰਤੀ ਜਾਵੇਗੀ। ਸਮੇਂ ਸਮੇਂ ਤੇ ਇਹ ਜਾਣਕਾਰੀ ਸਥਾਨਕ ਅਤੇ ਕੌਮੀ ਅੰਕੜਿਆਂ ਵਿਚ ਜੋੜਨ ਵਾਸਤੇ Local Education Authority ਅਤੇ Department for Education and Skills (DfES) ਨੂੰ ਦਿੱਤੀ ਜਾਵੇਗੀ।
ਤੁਹਾਡੇ ਬੱਚੇ ਦੇ ਜਾਤੀ ਪਿਛੋਕੜ ਬਾਰੇ ਜਾਣਕਾਰੀ ਕਿਸੇ ਵੀ ਹੋਰ ਅਜਿਹੇ ਸਕੂਲ ਨੂੰ ਭੇਜ ਦਿੱਤੀ ਜਾਵੇਗੀ ਜਿਸ ਵਿਚ ਤੁਹਾਡੇ ਬੱਚੇ ਦਾ ਤਬਾਦਲਾ ਹੁੰਦਾ ਹੈ ਤਾਂਕਿ ਤੁਹਾਨੂੰ ਦੁਬਾਰਾ ਇਸ ਬਾਰੇ ਪੁਛਗਿਛ ਨਾ ਕੀਤੀ ਜਾਵੇ। ਤੁਸੀਂ ਆਪਣੇ ਬੱਚੇ ਬਾਰੇ ਜਾਣਕਾਰੀ ਦੀ ਜਦ ਮਰਜ਼ੀ ਜਾਂਚ ਕਰ ਸਕਦੇ ਹੋ, ਅਤੇ, ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਜਾਤੀ ਪਿਛੋਕੜ ਨੂੰ ਬਦਲ ਜਾਂ ਰਿਕਾਰਡ ਵਿਚੋਂ ਹਟਾ ਸਕਦੇ ਹੋ।

[ਜੇਕਰ ਤੁਸੀਂ ਪੁਰ ਕੀਤਾ ਹੋਇਆ ਫ਼ਾਰਮ ਚਾਰ ਹਫ਼ਤਿਆਂ ਵਿਚ ਵਾਪਸ ਨਹੀਂ ਭੇਜਦੇ, ਤਾਂ ਸਕੂਲ ਤੁਹਾਡੇ ਬੱਚੇ ਦੇ ਜਾਤੀ ਪਿਛੋਕੜ ਬਾਰੇ ਆਪਣੀ ਜਾਣਕਾਰੀ ਅਨੁਸਾਰ ਜਾਂਚ ਕਰਕੇ ਫੈਸਲਾ ਕਰੇਗਾ, ਇਹ ਨੋਟ ਕਰਦੇ ਹੋਏ ਕਿ ਇਹ ਜਾਣਕਾਰੀ, ਤੁਹਾਡੇ ਵਲੋਂ ਆਉਣ ਦੀ ਬਜਾਇ, ਇਸ ਤਰਾਂ ਪ੍ਰਾਪਤ ਹੋਈ ਹੈ। ਸਕੂਲ ਤੁਹਾਨੂੰ ਇਸ ਫੈਸਲੇ ਬਾਰੇ ਪਤਾ ਦੇਵੇਗਾ ਅਤੇ ਜੇਕਰ ਤੁਸੀਂ ਚਾਹੁੰਦੇ ਹੋ ਤਾਂ ਇਸ ਫੈਸਲੇ ਨੂੰ ਬਦਲਣ ਜਾਂ ਹਟਾਉਣ ਵਾਸਤੇ ਕਹਿ ਸਕਦੇ ਹੋ।] [1]

[ਹੋ ਸਕਦਾ ਹੈ ਕਿ ਅਸੀਂ ਪਹਿਲਾਂ ਵੀ ਤੁਹਾਡੇ ਕੋਲੋਂ ਤੁਹਾਡੇ ਬੱਚੇ ਦੇ ਜਾਤੀ ਪਿਛੋਕੜ ਬਾਰੇ ਪੁੱਛਿਆ ਹੋਵੇ। ਲੇਕਿਨ ਸਾਨੂੰ ਮਾਪਿਆਂ ਕੋਲੋਂ ਇਸ ਬਾਰੇ ਦੁਬਾਰਾ ਜਾਂਚ ਕਰਨ ਦੀ ਲੋੜ ਹੈ ਕਿਉਂਕਿ ਕੌਮੀ ਪੱਧਰ ਤੇ ਵਰਤੀਆਂ ਜਾਣ ਵਾਲੀਆਂ ਜਾਤੀ ਸ਼੍ਰੇਣੀਆਂ ਵਿਚ ਤਬਦੀਲੀ ਕੀਤੀ ਗਈ ਹੈ।][2]

ਤੁਹਾਡੀ ਸਹਾਇਤਾ ਵਾਸਤੇ ਤੁਹਾਡਾ ਬਹੁਤ ਬਹੁਤ ਧੰਨਵਾਦ।

ਤੁਹਾਡੇ ਸ਼ੁੱਭਚਿੰਤਕ
*[Headteacher's name]*

## Model letter to parents – letter 2

*[Date]*

ਪਿਆਰੇ ਪੇਰੈਂਟ
ਵਿਦਿਆਰਥੀ ਦੇ ਜਾਤੀ ਪਿਛੋਕੜ ਬਾਰੇ ਜਾਣਕਾਰੀ ਇਕੱਤਰ ਕਰਕੇ ਰਿਕਾਰਡ ਕਰਨੀ
ਤੁਹਾਨੂੰ ਯਾਦ ਹੋਵੇਗਾ ਕਿ ਤਕਰੀਬਨ ਇਕ ਮਹੀਨਾ ਪਹਿਲਾਂ ਤੁਹਾਨੂੰ ਸਾਡੇ ਵਲੋਂ ਇਕ ਖ਼ਤ ਮਿਲਿਆ ਸੀ, ਜਿਸ ਵਿਚ ਤੁਹਾਨੂੰ ਆਪਣੇ ਬੱਚੇ *[child's name]* ਦੇ ਜਾਤੀ ਪਿਛੋਕੜ ਬਾਰੇ ਇਕ ਫ਼ਾਰਮ ਭਰਨ ਵਾਸਤੇ ਕਿਹਾ ਗਿਆ ਸੀ। ਸਾਨੂੰ ਤੁਹਾਡੇ ਕੋਲੋਂ ਕੋਈ ਉੱਤਰ ਨਹੀਂ ਮਿਲਿਆ ਅਤੇ ਇਸ ਵਾਸਤੇ, ਜਿਵੇਂ ਕਿ ਅਸੀਂ ਆਪਣੇ ਪਹਿਲੇ ਖਤ ਵਿਚ ਕਿਹਾ ਸੀ, ਅਸੀਂ ਆਪਣੀ ਸਮਝ ਅਨੁਸਾਰ ਤੁਹਾਡੇ ਬੱਚੇ ਦੇ ਜਾਤੀ ਪਿਛੋਕੜ ਬਾਰੇ ਫੈਸਲਾ ਕੀਤਾ ਹੈ, ਜਿਵੇਂ ਕਿ Department for Education and Skills (DfES) ਨੇ ਸਿਫਾਰਿਸ਼ ਕੀਤੀ ਹੈ। [Child's name] ਦੇ ਨਾਮ ਨਾਲ [ethnic background] ਲਿਖ ਦਿੱਤਾ ਗਿਆ ਹੈ, ਨਾਲ ਇਹ ਨੋਟ ਲਿਖ ਦਿੱਤਾ ਹੈ ਕਿ ਇਹ ਜਾਣਕਾਰੀ ਤੁਹਾਡੇ ਵਲੋਂ ਨਹੀਂ ਬਲਕਿ ਸਕੂਲ ਵਲੋਂ ਦਿੱਤੀ ਗਈ ਹੈ। ਜੇਕਰ ਤੁਸੀਂ ਚਾਹੁੰਦੇ ਹੋ ਤਾਂ, ਤੁਸੀਂ ਪਹਿਲੇ ਫ਼ਾਰਮ ਨੂੰ ਭੇਜ ਕੇ, ਜਾਂ ਸਾਨੂੰ ਲਿਖ ਕੇ ਜਾਂ ਸਕੂਲ ਵਿਖੇ ਸਾਨੂੰ ਮਿਲ ਕੇ, ਇਸ ਜਾਤੀ ਪਿਛੋਕੜ ਨੂੰ ਬਦਲ ਸਕਦੇ ਹੋ ਜਾਂ ਹਟਾ ਸਕਦੇ ਹੋ।

ਬਹੁਤ ਧੰਨਵਾਦ।

ਤੁਹਾਡੇ ਸ਼ੁੱਭਚਿੰਤਕ
*[Headteacher's name]*

---

[1] This paragraph only to be used by those schools undertaking ascription (and see model letter 2)
[2] This paragraph only to be used for the one off exercise in cases where the information has recently been requested on the 1991 basis